




# ਆਧੁਨਿਕਤਾ ਤੇ ਆਧੁਨਿਕ ਕਾਵਿ-ਸੰਵੇਦਨਾ

'ਪੱਛਮ ਵਿਚ ਆਧੁਨਿਕਤਾ ਦਾ ਉਦੈ ਉਨ੍ਹੀਵੀਂ ਸਦੀ ਦੇ ਅੰਤ ਵਿਚ ਸਨਅਤੀ ਯੁਗ ਅਤੇ ਸ਼ਹਿਰੀ ਸਭਿਅਤਾ ਦੇ ਸਥਾਪਿਤ ਹੋਣ ਨਾਲ ਹੋਇਆ।'[1] ਜਦੋਂ ਨਵੀਂ ਸਭਿਅਤਾ ਦੀਆਂ ਲੋੜਾਂ ਨੇ ਪਰੰਪਰਾਗਤ ਸਦਾਚਾਰ ਅਤੇ ਸਥਾਪਿਤ ਨੈਤਿਕ, ਧਾਰਮਿਕ ਮੁੱਲਾਂ ਅਤੇ ਵਿਸ਼ਵਾਸਾਂ ਨੂੰ ਸ਼ਹਿਰੀ ਸਭਿਅਤਾ ਅਤੇ ਸਨਅਤੀ ਯੁਗ ਦੇ ਨਵੇਂ ਮਨੁੱਖ ਦੀਆਂ ਬੌਧਿਕ, ਭਾਵੁਕ ਅਤੇ ਸਾਂਸਕ੍ਰਿਤਿਕ ਲੋੜਾਂ ਦੇ ਬੇਮੇਚ ਹੋਣ ਕਰਕੇ ਕਦਮ ਕਦਮ ਉੱਤੇ ਵੰਗਾਰਨਾ ਸ਼ੁਰੂ ਕੀਤਾ। ਤੇਜ਼ ਰਫ਼ਤਾਰ ਵਿਗਿਆਨਕ ਪ੍ਰਗਤੀ, ਉੱਨਤ ਪੈਦਾਵਾਰੀ ਤਕਨੀਕਾਂ ਅਤੇ ਇਨ੍ਹਾਂ ਦੇ ਫਲ ਸਰੂਪ ਪੈਦਾਵਾਰੀ ਰਿਸ਼ਤਿਆਂ ਦੀ ਨਵੀਂ ਚੇਤਨਾ ਧਾਰਮਿਕ ਅੰਧ ਵਿਸ਼ਵਾਸ ਅਧੀਨ ਅਟਲ ਭਾਵੀ ਅੱਗੇ ਸਿਰ ਸੁੱਟ ਕੇ ਭਾਣਾ ਮੰਨਣ ਦੀ ਸੋਚ ਨੂੰ ਵੰਗਾਰਨ ਲਗ ਪਈ ਸੀ। ਸ਼ਾਇਦ ਇਹੀ ਕਾਰਣ ਹੈ ਕਿ, ਵੇਲਾ ਵਿਹਾ ਚੁੱਕੀ, ਪਰੰਪਰਾਗਤ ਅਤੇ ਨਵੀਨ ਸੰਵੇਦਨਾ ਨੂੰ ਨਿਖੇੜਨ ਵਾਲੀ ਤਰਕ-ਸੰਗਤ ਵਿਸ਼ਲੇਸ਼ਣੀ ਦ੍ਰਿਸ਼ਟੀ ਅਤੇ ਵਿਗਿਆਨਕ ਸੋਝੀ ਨੂੰ ਹਰ ਯੁਗ ਵਿਚ ਆਧੁਨਿਕਤਾ ਦਾ ਨਾਮ ਦਿੱਤਾ ਗਿਆ ਹੈ। ਬੇਸ਼ੱਕ ਇਸ ਦਾ ਅਰਥ ਇਹ ਨਹੀਂ ਕਿ ਆਧੁਨਿਕਤਾ ਅਤੀਤ ਤੇ ਵਰਤਮਾਨ ਵਿਚਾਲੇ ਕੋਈ ਦੀਵਾਰ ਖੜ੍ਹੀ ਕਰ ਕੇ ਵਰਤਮਾਨ ਨੂੰ ਪਰੰਪਰਾ ਤੋਂ ਨਿਖੇੜਨ ਦੀ ਅਵਸਥਾ ਜਾਂ ਸਥਿਤੀ ਦੀ ਸੂਚਕ ਹੈ। ਸਗੋਂ ਇਕ ਸੰਕੇਤਕ ਪਦ ਦੇ ਤੌਰ 'ਤੇ ਆਧੁਨਿਕਤਾ ਇਕ ਅਜਿਹੀ ਸੰਵੇਦਨਾ ਦੀ ਬੋਧਕ ਹੈ ਜੋ ਦੇਸ਼ ਕਾਲ ਦੀ ਸੀਮਾ ਤੋਂ ਉੱਪਰ ਉਠ ਕੇ ਬੌਧਿਕ, ਭਾਵੁਕ ਅਤੇ ਮਨੋਵਿਗਿਆਨਕ ਪੱਧਰ ਉੱਤੇ ਇਕ ਐਸੇ ਜੀਵਨ-ਦਰਸ਼ਨ ਵੱਲ ਸੰਕੇਤ ਕਰਦੀ ਹੈ, ਜੋ ਵਰਤਮਾਨ ਵਿਚ ਵਿਚਰਦਿਆਂ ਹੋਇਆਂ ਅਤੀਤ ਦੇ ਮਾਨਵੀ ਅਨੁਭਵ, ਇਤਿਹਾਸ ਅਤੇ ਸਭਿਆਚਾਰ ਨੂੰ ਤਰਕਸ਼ੀਲ ਪ੍ਰਯੋਗਕ ਸੋਝੀ ਅਤੇ ਵਿਗਿਆਨਕ ਦ੍ਰਿਸ਼ਟੀ ਨਾਲ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੰਦੀ ਹੈ। ਦੂਜੇ ਸ਼ਬਦਾਂ ਵਿਚ ਆਧੁਨਿਕਤਾ ਇਕ ਐਸਾ ਜੀਵਨ-ਦਰਸ਼ਨ ਹੈ ਜੋ ਜੀਵਨ ਦੀ ਤ੍ਰੈਕਾਲ ਸਮੱਗਰਤਾ ਨੂੰ ਇਸ ਦੇ ਇਤਿਹਾਸਕ ਵਿਵੇਕ ਸਹਿਤ ਗ੍ਰਹਿਣ ਕਰਨ ਲਈ ਵੰਗਾਰ ਪੈਦਾ ਕਰਦਾ ਰਹਿੰਦਾ ਹੈ ਇਸੇ ਲਈ ਜਦ ਅਸੀਂ 'ਆਧੁਨਿਕ' ਪਦ ਨੂੰ ਵਿਆਪਕ ਅਰਥ ਵਿਚ ਵਰਤਦੇ ਹਾਂ ਤਾਂ ਸੰਸਕ੍ਰਿਤੀ ਦੇ ਇਕ ਸੰਪੂਰਨ, ਜਟਿਲ ਸੰਦਰਭ ਦਾ ਵਰਣਨ ਕਰਨ ਲਈ ਵਰਤਦੇ ਹਾਂ ਜੋ ਯੂਰਪ ਵਿਚ ਵਿਕਸਿਤ ਹੋਇਆ ਅਤੇ ਪੰਦਰਵੀਂ ਸਦੀ ਤੋਂ ਲੈ ਕੇ ਅੱਜ ਤੱਕ ਯੂਰਪ ਤੋਂ ਦੂਰ ਪਸਰਿਆ ਹੈ, ਇਹ ਜਟਿਲ ਸੰਦਰਭ ਆਰਥਿਕ ਆਧਾਰ ਉੱਤੇ ਨਿਰਭਰ ਹੁੰਦਾ ਹੈ।[2] ਅਤੇ ਸੁਭਾਵਕ ਹੀ ਆਰਥਿਕ ਆਧਾਰ ਦੇ ਨਾਲ ਨਾਲ ਬਦਲਦਾ ਵੀ ਰਹਿੰਦਾ ਹੈ। ਆਧੁਨਿਕ ਅਤੇ ਆਧੁਨਿਕਤਾ ਦੇ ਸੰਕਲਪਾਂ ਨੂੰ ਵਧੇਰੇ ਸਪਸ਼ਟਤਾ ਨਾਲ ਗ੍ਰਹਿਣ ਕਰਨ ਲਈ ਸੰਕੇਤਕ ਪਦ, 'ਆਧੁਨਿਕ' ਅਤੇ 'ਨਵੀਨ' ਜਾਂ 'ਸਮਕਾਲੀ' ਪਦਾਂ ਵਿਚਲੇ ਅੰਤਰ ਨੂੰ ਨਿਰਧਾਰਿਤ ਕਰਨਾ ਲਾਭਕਾਰੀ ਹੋਵੇਗਾ :

> 'ਨਵੀਨ' ਅਤੇ 'ਸਮਕਾਲੀ' ਪਦ ਦੋਵੇਂ ਕਾਲ-ਵਾਚੀ ਹਨ ਅਤੇ ਇਕ ਵਿਸ਼ੇਸ਼ਣ ਵਜੋਂ ਉਨ੍ਹਾਂ ਹਾਲਤਾਂ ਵੱਲ ਸੰਕੇਤ ਕਰਦੇ ਹਨ



**ਡਾ. ਕਰਮਜੀਤ ਸਿੰਘ**
ਮਰਹੂਮ ਪੰਜਾਬੀ ਚਿੰਤਕ

ਜਿਹੜੀਆਂ ਸਮੇਂ ਵਿਚ ਸਾਡੇ ਸਭ ਤੋਂ ਨੇੜੇ ਹਨ... ਨਿਰੋਲ ਕਾਲ-ਵਾਚੀ ਹੋਣ ਕਰ ਕੇ ਇਨ੍ਹਾਂ ਦੋਹਾਂ ਸੰਕੇਤਾਂ ਵਿਚ ਸਥਾਨ ਦੇ ਅਰਥ ਉਸ ਥਾਂ ਤੇ ਪਰਸੰਗ ਵਿਚ ਹੀ ਹੋਣਗੇ ਜਿਸ ਦੇ ਸਬੰਧ ਵਿਚ ਇਨ੍ਹਾਂ ਦੀ ਵਰਤੋਂ ਹੋਈ ਹੈ।[3]

ਇਸ ਤਰ੍ਹਾਂ 'ਨਵੀਨ ਤੇ ਸਮਕਾਲੀ ਆਪਣੇ ਅਰਥ ਸਮੇਂ ਵਿਚ ਆਪਣੀ ਥਾਂ ਤੋਂ ਲੈਂਦੇ ਹਨ ਪਰ ਆਧੁਨਿਕ ਤੇ ਆਧੁਨਿਕਤਾ ਆਪਣੇ ਅਰਥ ਸਮੇਂ ਦੇ ਨਾਲ ਨਾਲ ਆਪਣੇ ਵਿਸ਼ੇਸ਼ ਸੁਭਾ ਤੋਂ ਵੀ ਲੈਂਦੇ ਹਨ।'[4] ਇੰਜ ਉਦਯੋਗ ਯੁਗ ਅਤੇ ਇਸ ਦੇ ਫਲ ਸਰੂਪ ਪੈਦਾ ਹੋਈ ਨਵੀਂ ਸ਼ਹਿਰੀ ਸਭਿਅਤਾ ਆਧੁਨਿਕ ਸੰਵੇਦਨਾ ਦੀ ਮੁੱਖ ਪ੍ਰੇਰਕ ਸ਼ਕਤੀ ਬਣੀ। ਭਾਰਤ ਵਿਚ ਆਧੁਨਿਕ ਚੇਤਨਾ ਦਾ ਯੁਗ ਅੰਗ੍ਰੇਜ਼ੀ ਰਾਜ ਦੀ ਸਥਾਪਤੀ ਨਾਲ ਆਰੰਭ ਹੋਇਆ ਜਦੋਂ ਪੱਛਮ ਵਿਚ ਪੈਦਾ ਹੋਏ ਨਵੇਂ ਗਿਆਨ ਵਿਗਿਆਨ ਅਤੇ ਇਸ ਦੇ ਫਲ ਸਰੂਪ ਵਿਕਸਿਤ ਹੋਈ ਸਾਂਸਕ੍ਰਿਤਕ ਚੇਤਨਾ ਨੇ ਭਾਰਤੀ ਜੀਵਨ ਅਤੇ ਸੰਸਕ੍ਰਿਤੀ ਦੇ ਯੁਗਾਂ ਪੁਰਾਣੇ ਆਧਾਰਾਂ ਅਤੇ ਸੰਸਥਾਵਾਂ ਨੂੰ ਝੰਜੋੜ ਕੇ ਭਾਰਤ ਦੀ ਆਰਥਿਕ, ਰਾਜਨੀਤਕ, ਸਮਾਜਕ ਵਿਵਸਥਾ ਅਤੇ ਸਾਂਸਕ੍ਰਿਤਕ ਚੇਤਨਾ ਵਿਚ ਉਹ ਸਥਿਤੀ ਪੈਦਾ ਕਰ ਦਿੱਤੀ ਜਿਸ ਨੂੰ ਆਧੁਨਿਕਤਾ ਦਾ ਖ਼ਮੀਰ ਕਿਹਾ ਜਾ ਸਕਦਾ ਹੈ। ਪੁਰਾਣੀਆਂ ਕੀਮਤਾਂ, ਵਿਸ਼ਵਾਸਾਂ, ਸਮਾਜਕ ਰਵਾਇਤਾਂ ਅਤੇ ਪ੍ਰਤਿਮਾਨਾਂ ਉੱਤੇ ਨਵੀਂ ਜੇਤੂ ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਪ੍ਰਚਾਰ ਅਤੇ ਭਾਰਤੀ ਸਮਾਜਕ ਜੀਵਨ ਦੀਆਂ ਭਿੰਨ ਭਿੰਨ ਸੰਸਥਾਵਾਂ ਉੱਤੇ ਇਸ ਤੀਬਰ ਪ੍ਰਭਾਵ ਦੇ ਇਤਿਹਾਸਕ ਪਰਿਪੇਖ ਵਿਚ ਸੁਰਗਵਾਸੀ ਬੰਗਾਲੀ ਆਲੋਚਕ ਅਤੇ ਚਿੰਤਕ ਹਮਾਯੂੰ ਕਬੀਰ ਦੇ ਵਿਚਾਰ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹਨ :

> All old values and beliefs were being challenged. Old forms of faith and custom were crumbling. Social, economic and political institutions were breaking up at terrifying pace. India was literally in the melting pot. The stratification was disturbed. Bands of Christian missionaries not only proselytised but sought to influence where they could not convert. The restless European spirit brought everything under its scrutiny. On the one hand, material conditions were profoundly changed, on the other, the buttresses of tradition and faith were undermined.[5]

ਇਨ੍ਹਾਂ ਸਭ ਤੱਥਾਂ ਦਾ ਪ੍ਰਭਾਵ ਭਾਰਤ ਦੇ ਜਨ ਸਾਧਾਰਣ ਨੂੰ ਨਿਸਚੇ ਹੀ ਚਕ੍ਰਿਤ ਕਰ ਦੇਣ ਅਤੇ ਉਨ੍ਹਾਂ ਦੇ ਪਰੰਪਰਾਗਤ ਅਨੁਭਵ ਵਿਚ ਖਿੰਡਾਉ ਅਤੇ ਅਨਿਸਚਿਤਤਾ ਪੈਦਾ ਕਰਨ ਵਾਲਾ ਸੀ। ਪਸ਼ੂ-ਪਾਲਣ ਅਤੇ ਖੇਤੀਬਾੜੀ ਦੇ ਸਦੀਆਂ 'ਪੁਰਾਣੇ ਅਰਥਚਾਰੇ ਵਾਲੇ ਪੰਜਾਬ ਦਾ ਸਮਾਜਕ ਜੀਵਨ ਸਰਲ ਸਾਦੇ ਵਿਸ਼ਵਾਸਾਂ ਅਤੇ ਸਿੱਧੀਆਂ ਸਪਾਟ ਮਾਨਵੀ ਕੀਮਤਾਂ ਉੱਤੇ ਆਧਾਰਿਤ ਸੀ ਜੋ 'ਇਕ ਚਕ ਉੱਤੇ ਚੜ੍ਹਿਆ ਆਪਣੀ ਸੁਪਨਿਆਂ ਲੱਦੀ ਤੋਰੇ ਰਵਾਂ-ਰਵੀਂ ਜੀਵਿਆ ਜਾ ਰਿਹਾ ਸੀ।'[6] ਪਰ ਸ਼ਹਿਰਾਂ ਦੇ ਵਧਣ ਫੁੱਲਣ ਅਤੇ ਸਨਅਤੀ ਯੁਗ ਦੇ ਆਰੰਭ ਹੋਣ ਨਾਲ ਜੀਵਨ 'ਜੀਉਂਦੇ ਰਹਿਣ ਲਈ ਘੋਲ ਬਣ ਗਿਆ ਤੇ ਕੁਦਰਤੀ' ਹੀ ਮਨੁੱਖ ਵਧੇਰੇ ਸਵੈ-ਕੇਂਦਰਿਤ, ਸਵਾਰਥੀ ਅਤੇ ਮੌਕੇ ਦਾ ਪੁੱਤਰ ਬਣਦਾ ਗਿਆ'।[7]

ਪੁਰਾਣੇ ਪੰਜਾਬ ਦੇ ਸ਼ੁੱਧ ਇਨਸਾਨੀ ਭਾਈਚਾਰੇ ਵਾਲੇ ਸਦਾਚਾਰ ਦੀ ਥਾਂ, ਪੂਰਨ ਸਿੰਘ ਅਨੁਸਾਰ, 'ਠੀਕਰੀਆਂ' ਦਾ ਨਵਾਂ ਸਦਾਚਾਰ ਪੈਦਾ ਹੋਇਆ ਜਿਸ ਨੇ ਪੈਸਾ ਕੀਮਤਾਂ ਦੇ ਵਧਦੇ ਪ੍ਰਭਾਵ ਅਧੀਨ ਸਵਾਰਥ ਦੀ ਭਾਵਨਾ ਨੂੰ ਪ੍ਰਚੰਡ ਕੀਤਾ। ਕੀਮਤਾਂ ਦੀ ਇਸ ਸਪਸ਼ਟ ਟੱਕਰ ਨੇ ਅਤੀਤ ਅਤੇ ਵਰਤਮਾਨ ਦੇ ਵਿਰੋਧ ਦੀ ਭਾਵਨਾ ਨੂੰ ਹੋਰ ਤਿੱਖਾ ਕੀਤਾ। ਅਤੇ ਸ਼ਹਿਰੀ ਸਭਿਅਤਾ ਤੇ ਉਦਯੋਗਾਂ ਦੇ ਵਧਣ ਫੁੱਲਣ ਨਾਲ ਪੈਦਾ ਹੋਈ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ, ਸਭ ਤੋਂ ਪਹਿਲਾਂ, ਇਸ ਵਿਰੋਧ ਦਾ ਅਖਾੜਾ ਬਣੀ।

ਬੇਸ਼ਕ ਇਹ ਵਿਰੋਧ ਹੀ ਆਧੁਨਿਕ ਸੰਵੇਦਨਾ ਦਾ ਆਧਾਰ ਹੈ ਅਤੇ ਸਾਂਸਕ੍ਰਿਤਕ ਪੱਧਰ ਉੱਤੇ ਇਸ ਦੇ ਰਚਨਾਤਮਕ ਸਮਾਧਾਨ ਦਾ ਚਿੰਤਨ ਹੀ ਆਧੁਨਿਕਤਾ ਨੂੰ ਇਕ ਸੰਪੂਰਣ ਵਿਸ਼ਵ-ਦਰਸ਼ਨ ਦੇ ਰੂਪ ਵਿਚ ਵਿਕਸਿਤ ਕਰਨ ਦਾ ਮੁੱਖ ਪ੍ਰੇਰਕ ਬਣਿਆ ਜਾਪਦਾ ਹੈ ਕਿਉਂਕਿ ਆਧੁਨਿਕ ਚੇਤਨਾ ਵਾਲਾ ਨਵਾਂ ਮਨੁੱਖ ਪੁਰਾਣੀਆਂ ਅਤੇ ਨਵੀਆਂ ਕੀਮਤਾਂ ਦੀ ਟੱਕਰ ਵਿਚੋਂ ਹੀ ਪੈਦਾ ਹੋ ਸਕਦਾ ਹੈ। ਰਾਜਨੀਤਕ-ਸਾਂਸਕ੍ਰਿਤਕ ਜੀਵਨ ਅਤੇ ਚਿੰਤਨ ਦੇ ਭਿੰਨ ਭਿੰਨ ਪੱਖਾਂ ਵਿਚ ਉਤੇਜਨਾ ਅਤੇ ਬੇਚੈਨੀ ਦਾ ਖ਼ਮੀਰ ਹੀ ਨਵੇਂ ਯੁਗ ਦੇ ਪ੍ਰਕਾਸ਼

ਦਾ ਜ਼ਾਮਨ ਬਣਦਾ ਹੈ। 'ਨਵੇਂ ਸੂਰਜ ਦੇ ਜਨਮ ਤੋਂ ਪਹਿਲਾਂ ਤਾਰਿਆਂ ਦਾ ਟਕਰਾਉਣਾ ਅਤੇ ਨਿੱਕੇ ਨਿੱਕੇ ਟੋਟਿਆਂ ਵਿਚ ਟੁੱਟਣਾ ਜ਼ਰੂਰੀ ਹੈ।'[8] ਇਸ ਲਈ ਆਧੁਨਿਕ ਕਵੀਆਂ ਲਈ ਅਜਿਹੇ ਸੰਸਲੇਸ਼ਣ ਦੀ ਸਾਧਨਾਂ ਦਾ ਮਨੋਰਥ ਸਾਹਮਣੇ ਰਖਣਾ ਅਨਿਵਾਰੀ ਹੈ ਜਿਸ ਵਿਚ ਪੁਰਾਤਨ, ਮੱਧਕਾਲੀਨ ਅਤੇ ਆਧੁਨਿਕ ਸੰਸਾਰ ਦਾ ਗਤੀਸ਼ੀਲ ਸਮਾਧਾਨ ਪ੍ਰਾਪਤ ਕੀਤਾ ਜਾ ਸਕੇ ਕਿਉਂਕਿ 'ਮਨੁੱਖ ਤਾਂ ਆਉਂਦੇ ਅਤੇ ਚਲੇ ਜਾਂਦੇ ਹਨ, ਪਰ ਜਿਸ ਸਾਹਿਤ ਦੀ ਰਚਨਾ ਉਹ ਕਰਦੇ ਹਨ, ਉਨ੍ਹਾਂ ਦੇ ਬਾਅਦ ਵੀ ਜੀਵਤ ਰਹਿੰਦਾ ਹੈ ਅਤੇ ਸਮਾਜ ਨੂੰ ਉਤੇਜਿਤ ਕਰਨ ਵਾਲਾ ਖ਼ਮੀਰ ਬਣਦਾ ਹੈ।'[9] ਇਤਿਹਾਸਕ ਮਨੁੱਖ ਦੀ ਕਾਲ-ਅਤੀਤ ਹੋਂਦ ਦੇ ਸੰਦਰਭ ਵਿਚ ਸਟੀਫ਼ਨ ਸਪੈਂਡਰ ਦੇਸ਼-ਕਾਲ ਦੇ ਖੰਡਿਤ ਅਨੁਭਵਾਂ ਨੂੰ ਇਕਾਗਰ ਅਤੇ ਗਤੀਸ਼ੀਲ ਮਾਨਵੀ ਅਨੁਭਵ ਦੇ ਰੂਪ ਵਿਚ ਗ੍ਰਹਿਣ ਕਰਨ ਬਾਰੇ ਆਧੁਨਿਕ (ਕਵੀ) ਦੇ ਯੋਗਦਾਨ ਉੱਤੇ ਉਚੇਚਾ ਬਲ ਦੇਂਦਾ ਹੈ। ਅਤੀਤ ਅਤੇ ਵਰਤਮਾਨ ਵਿਚਲੇ ਨਿਰੰਤਰ ਤਨਾਓ ਨੂੰ ਆਧੁਨਿਕ ਸੰਵੇਦਨਾ ਦੇ ਮੂਲ ਤੱਤ ਵਜੋਂ ਸਵੀਕਾਰ ਕਰਦਾ ਹੋਇਆ 'ਆਧੁਨਿਕ (ਕਵੀ) ਆਪਣੀ ਰਚਨਾ ਦੁਆਰਾ ਆਪਣੀ ਚੇਤੰਨਤਾ ਦੇ ਅੰਤਰਗਤ, ਭੂਤਕਾਲ ਤੇ ਵਰਤਮਾਨ ਵਿਚਲੀ ਖਾਈ ਨੂੰ ਮੇਲਣ ਦੇ ਆਹਰ ਵਿਚ ਰਹਿੰਦਾ ਹੈ।'[10] ਬੇਸ਼ੱਕ ਭੂਤ ਅਤੇ ਵਰਤਮਾਨ ਵਿਚਾਲੇ ਵਿਆਪ ਰਹੇ ਖੱਪਿਆਂ ਨੂੰ ਪੂਰਨਾ ਕੋਈ ਸਰਲ ਸਾਧਾਰਣ ਕਿਰਿਆ ਨਹੀਂ। ਭੂਤ-ਵਰਤਮਾਨ-ਭਵਿੱਖ ਦੇ ਨਿਰੰਤਰ ਗਤੀਮਾਨ ਸਬੰਧਾਂ ਦੀ ਰੌਸ਼ਨੀ ਵਿਚ ਆਧੁਨਿਕ ਜੀਵਨ ਦੀਆਂ ਸਾਰੀਆਂ ਜਟਿਲਤਾਵਾਂ ਨੂੰ ਗ੍ਰਹਿਣ ਕਰਨ ਤੋਂ ਬਿਨਾਂ ਪਰੰਪਰਾ ਅਤੇ ਅਤੀਤ ਵਿਚਕਾਰ ਕੋਈ ਵਿਵੇਕਸ਼ੀਲ ਸੰਬਾਦ ਰਚਾਣਾ ਸੰਭਵ ਹੀ ਨਹੀਂ। ਤੇ ਇਹ ਸੰਬਾਦ ਰਚਾਏ ਬਗ਼ੈਰ ਆਧੁਨਿਕਤਾ ਦਾ, ਦੇਸ਼-ਕਾਲ ਤੋਂ ਨਿਆਰੇ ਸੰਪੂਰਣ ਵਿਸ਼ਵ-ਦਰਸ਼ਨ ਦੇ ਰੂਪ ਵਿਚ ਵਿਕਸਿਤ ਹੋਣਾ ਵੀ ਅਸੰਭਵ ਹੈ। ਇਸੇ ਲਈ ਤਤਕਾਲੀਨ ਸਮਾਚਾਰ ਅਤੇ ਇਤਿਹਾਸਕ ਪਰਿਪੇਖ ਬਾਰੇ ਤੀਬਰ ਚੇਤੰਨਤਾ ਹੋਣ ਦੇ ਬਾਵਜੂਦ ਆਧੁਨਿਕ ਕਵੀ ਅਕਸਰ ਇੰਜ ਪ੍ਰਤੀਤ ਕਰਦਾ ਹੈ ਜਿਵੇਂ ਅਸਚਰਜ ਚਮਤਕਾਰਾਂ ਵਾਲੇ ਅਜੋਕੇ ਸੰਸਾਰ ਨੇ ਸਾਨੂੰ, ਅਤੀਤ-ਕਾਲੀਨ ਜੀਵਨ ਦੇ ਸੰਦਰਭ ਨਾਲੋਂ ਮੂਲੋਂ ਤਰੁੰਡ ਕੇ ਰਖ ਦਿੱਤਾ ਹੈ। ਇਹੀ ਕਾਰਨ ਹੈ ਕਿ ਉਸ ਦੀ ਰਚਨਾਤਮਕ ਸੰਵੇਦਨਾ ਤਾਂ ਵਰਤਮਾਨ ਨੂੰ ਪ੍ਰਤਿਬੱਧ ਹੁੰਦੀ ਹੈ, ਪਰ ਆਪਣੀ ਚਿੰਤਨ-ਸ਼ਕਤੀ ਦੁਆਰਾ, ਅਤੀਤ ਬਾਰੇ ਆਪਣੇ ਅਨੁਭਵ ਨੂੰ ਵਰਤਮਾਨ ਉੱਤੇ ਲਾਗੂ ਕਰਨ ਵਿਚ ਉਹ ਵਰਤਮਾਨ ਦਾ ਵਿਵੇਚਨ ਕਰਨ ਲਈ ਵੀ ਤਤਪਰ ਰਹਿੰਦਾ ਹੈ।[11]

ਅਤੀਤ ਅਤੇ ਵਰਤਮਾਨ ਦੇ ਇਸ ਸੰਬਾਦਕ ਪਰਿਪੇਖ ਵਿਚ ਇਹ ਹਕੀਕਤ ਹੋਰ ਵੀ ਸਪਸ਼ਟ ਹੁੰਦੀ ਹੈ ਕਿ ਇਨ੍ਹਾਂ ਦਾ ਆਪਸੀ ਸਬੰਧ ਇਤਿਹਾਸ ਦੀ ਸਰਲ ਸਪਾਟ ਨਿਰੰਤਰਤਾ ਦਾ ਇਕਪਾਸਾਰੀ ਸਬੰਧ ਹੀ ਨਹੀਂ, ਸਗੋਂ ਇਕ ਗਤੀਸ਼ੀਲ ਤਨਾਓ ਦਾ ਦਵੰਦਾਤਮਕ ਰਿਸ਼ਤਾ ਹੈ। ਇਹੀ ਕਾਰਣ ਹੈ ਕਿ ਆਧੁਨਿਕ ਦ੍ਰਿਸ਼ਟੀ ਜਾਂ ਸੰਵੇਦਨਾ ਜਿਥੇ ਵੀ ਅਭਿਵਿਅਕਤ ਹੁੰਦੀ ਹੈ, ਅਤੀਤ ਤੇ ਵਰਤਮਾਨ ਅਥਵਾ ਪਰੰਪਰਾ ਅਤੇ ਸਮਕਾਲੀਨਤਾ ਦੇ ਇਸ ਦਵੰਦਾਤਮਕ ਤਨਾਓ ਦੇ ਵਿਵੇਕ ਨੂੰ ਹੀ ਕੇਵਲ ਉਜਾਗਰ ਨਹੀਂ ਕਰਦੀ, ਸਗੋਂ ਇਨ੍ਹਾਂ ਵਿਚਲੀ ਅਨਿਵਾਰੀ ਨਿਰੰਤਰਤਾ ਦੀ ਜੀਵਤ ਗਤੀ ਨੂੰ ਵੀ ਪਛਾਨਣ ਅਤੇ ਸਥਾਪਿਤ ਕਰਨ ਦਾ ਯਤਨ ਕਰਦੀ ਹੈ। ਇਸੇ ਲਈ 'ਪਰੰਪਰਾ ਦੇ ਜੀਵਤ ਰਹਿ ਸਕਣ ਜਾਂ ਖੰਡਿਤ ਹੋ ਜਾਣ ਦਾ ਪ੍ਰਸ਼ਨ ਸਭ ਤੋਂ ਵੱਧ ਆਧੁਨਿਕਤਾ ਦੇ ਪ੍ਰਭਾਵਾਂ ਨੇ ਤੀਖਣ ਕੀਤਾ ਹੈ।'[12] ਕਾਰਣ ਸਪਸ਼ਟ ਹੈ ਕਿ ਆਧੁਨਿਕ ਸੰਵੇਦਨਾ ਜੀਵਨ ਨੂੰ ਸਮੇਂ ਸਥਾਨ ਦੇ ਖੰਡਿਤ ਵੇਰਵਿਆਂ ਦੀ ਥਾਂ ਦੇਸ਼-ਕਾਲ ਦੇ ਗਤੀਮਾਨ ਪਰਿਪੇਖ ਵਿਚ ਵੇਖਣ ਵਿਖਾਲਣ ਵਾਲੀ ਜੀਵਨ-ਦ੍ਰਿਸ਼ਟੀ ਦਾ ਨਾਮ ਹੈ। ਇਸ ਲਈ ਆਧੁਨਿਕਤਾ ਦੇ ਵਿਸ਼ਵ-ਦਰਸ਼ਨ ਦੇ ਅੰਤਰਗਤ ਜਦ ਅਤੀਤ ਅਤੇ ਵਰਤਮਾਨ ਦੇ ਤਨਾਓ ਦਾ ਸਮਾਧਾਨ ਹੁੰਦਾ ਹੈ ਤਾਂ ਇਨ੍ਹਾਂ ਵਿਚ ਨ ਕੇਵਲ ਸੰਬਾਦ ਹੀ ਸਥਾਪਿਤ ਹੁੰਦਾ ਹੈ ਬਲਕਿ ਇਹ ਤੱਥ ਵੀ ਉਜਾਗਰ ਹੁੰਦਾ ਹੈ ਕਿ ਸਮਕਾਲੀਨਤਾ ਵਿਚ ਜੋ ਕੁਝ ਵੀ ਨਵੀਨ ਜਾਂ ਆਧੁਨਿਕ ਹੈ, ਉਸ ਦੀਆਂ ਜੜ੍ਹਾਂ ਪਰੰਪਰਾ ਵਿਚ ਹਨ। ਇਸ ਤਰ੍ਹਾਂ ਪਰੰਪਰਾ ਨ ਕੇਵਲ ਤਤਕਾਲੀਨ ਅਨੁਭਵ ਪ੍ਰੇਰਣਾ ਹੀ ਬਣਦੀ ਹੈ, ਸਗੋਂ ਇਸ ਦੀ ਪ੍ਰਿਸ਼ਠ-ਭੂਮੀ ਅਤੇ ਟੇਕ ਵੀ ਬਣਦੀ ਹੈ ਅਤੇ ਭਵਿਖ ਬਾਰੇ ਇਸ ਦੇ ਦ੍ਰਿਸ਼ਟੀਕੋਣ ਅਤੇ ਵਤੀਰੇ ਨੂੰ ਡੌਲਣ ਅਤੇ ਨਿਰਧਾਰਿਤ ਕਰਨ ਹਿਤ ਲੋੜੀਂਦਾ ਆਤਮ-ਵਿਸ਼ਵਾਸ ਵੀ ਪ੍ਰਦਾਨ ਕਰਦੀ ਹੈ। ਇਸ ਲਈ ਸਟੀਫ਼ਨ ਸਪੈਂਡਰ ਅਨੁਸਾਰ ਵਰਤਮਾਨ ਨਾਲ ਅਤੀਤ ਦਾ ਟਕਰਾਉ ਆਧੁਨਿਕਤਾ ਦਾ ਪ੍ਰਮੁੱਖ ਪ੍ਰਯੋਜਨ ਪ੍ਰਤੀਤ ਹੁੰਦਾ ਹੈ। ਇਸ ਦੇ ਇਤਨਾ ਮਹੱਤਵ ਗ੍ਰਹਿਣ ਕਰ ਜਾਣ ਦਾ ਕਾਰਣ ਇਹੀ ਹੈ ਕਿ ਆਧੁਨਿਕ ਧਾਰਾਵਾਂ ਦੇ ਮੁੱਢਲੇ ਪੜਾਵਾਂ ਵਿਚ ਆਧੁਨਿਕ (ਕਵੀ), ਆਧੁਨਿਕ ਜੀਵਨ ਦੇ ਸੰਪੂਰਨ ਅਨੁਭਵ ਨੂੰ ਅਭਿਵਿਅਕਤ ਕਰਨ ਦੇ ਚਾਹਵਾਨ ਸਨ।'[13]

ਸੰਪੂਰਨਤਾ ਦੇ ਇਸ ਅਨੁਭਵ ਦਾ ਸਬੰਧ ਭਾਵੇਂ ਅਤੀਤ ਅਤੇ ਵਰਤਮਾਨ ਦੇ ਤਨਾਓ ਨਾਲ ਬਹੁਤ ਗੂੜ੍ਹਾ ਹੈ, ਤਾਂ ਵੀ ਇਸ ਤਨਾਓ ਨੂੰ ਅਭਿਵਿਅਕਤ ਕਰਨ ਵਾਲੀ ਕਵਿਤਾ ਆਧੁਨਿਕਤਾ ਦੀ ਧਾਰਾ ਦੀਆਂ ਕੁਝ ਇਕ

ਰੁਚੀਆਂ ਦੀ ਪ੍ਰਤਿਨਿਧਤਾ ਹੀ ਕਰਦੀ ਹੈ। ਆਧੁਨਿਕ ਸੰਵੇਦਨਾ ਦਾ ਕੇਂਦਰੀ ਬਿੰਦੂ ਜੀਵਨ-ਅਨੁਭਵ ਦੀ ਅਖੰਡਤਾ ਹੀ ਹੈ। ਅਖੰਡਤਾ ਦੇ ਸੰਕਲਪ ਦਾ ਤਿਆਗ ਕਰਨ ਨਾਲ ਰਚਨਾ ਸਮੁੱਚ ਨਾਲੋਂ ਤਰੁੰਡੇ ਹੋਏ ਟੋਟਿਆਂ ਵਾਂਗ ਇਕ ਦਮ ਖੰਡਿਤ ਹੋ ਜਾਂਦੀ ਹੈ। ਅਖੰਡਤਾ ਦਾ ਅਨੁਭਵ ਪਰੰਪਰਾ ਨੂੰ ਇਤਿਹਾਸਕ ਪਰਿਪੇਖ ਵਿਚ ਗ੍ਰਹਿਣ ਕਰਨ ਤੋਂ ਬਿਨਾਂ ਸੰਭਵ ਨਹੀਂ। ਇਸ ਪਰਿਪੇਖ ਵਿਚ ਹੀ ਆਧੁਨਿਕਤਾ ਅਤੇ ਨਵੀਨਤਾ ਨੂੰ ਪਰੰਪਰਾ ਦੇ ਗਤੀਸ਼ੀਲ ਇਤਿਹਾਸਕ ਵਿਵੇਕ ਦੇ ਪਰਿਣਾਮ ਵਜੋਂ ਸਵੀਕਾਰ ਕੀਤਾ ਜਾ ਸਕਦਾ ਹੈ। ਪਰੰਪਰਾ ਨੂੰ ਇਸ ਸਕਾਰਾਤਮਕ ਅਰਥ ਵਿਚ ਗ੍ਰਹਿਣ ਕਰਨ ਲਈ ਕਵੀ ਨੂੰ ਅਜਿਹੀ ਇਤਿਹਾਸਕ ਸੋਝੀ ਪੈਦਾ ਕਰਨ ਦੀ ਲੋੜ ਹੈ।

ਜੋ ਕਾਲ-ਨਿਰਪੇਖਤਾ ਦਾ ਅਰਥ ਵੀ ਦੇਂਦੀ ਹੈ, ਕਾਲ-ਸਾਪੇਖਤਾ ਦਾ ਵੀ ਅਤੇ ਕਾਲ-ਨਿਰਪੇਖਤਾ ਤੇ ਕਾਲ-ਸਾਪੇਖਤਾ ਦਾ ਇਕੱਠਾ ਵੀ। ਅਤੇ ਇਹੀ ਸੋਝੀ ਕਿਸੇ ਲੇਖਕ ਨੂੰ ਸਮੇਂ ਵਿਚ ਆਪਣੇ ਸਥਾਨ ਬਾਰੇ ਆਪਣੀ ਤਤਕਾਲੀਨਤਾ ਬਾਰੇ ਬੜੀ ਤੀਬਰਤਾ ਨਾਲ ਸੁਚੇਤ ਕਰਦੀ ਹੈ। ਕਿਸੇ ਇਕੱਲੇ ਲਈ ਕਵੀ ਜਾਂ ਕਲਾਕਾਰ ਦਾ ਕੋਈ ਸੰਪੂਰਣ ਅਰਥ ਸੰਭਵ ਨਹੀਂ। ਉਸ ਦੀ ਸਾਰਥਕਤਾ ਦਾ ਮੁੱਲ ਬੀਤ ਚੁਕੇ ਕਵੀਆਂ ਅਤੇ ਕਲਾਕਾਰਾਂ ਦੇ ਸਬੰਧ ਵਿਚ ਹੀ ਸਾਰਥਕ ਹੋ ਸਕਦਾ ਹੈ। ਤੁਸੀਂ ਉਸ ਦਾ ਇਕੱਲੇ ਦਾ ਮੁੱਲ ਨਹੀਂ ਅੰਗ ਸਕਦੇ, ਟਾਕਰੇ ਅਤੇ ਤੁਲਨਾ ਲਈ ਉਸ ਨੂੰ ਗੁਜ਼ਰੇ ਹੋਏ ਕਵੀਆਂ ਦੇ ਪ੍ਰਸੰਗ ਵਿਚ ਰਖਣਾ ਤੁਹਾਡੇ ਲਈ ਆਵੱਸ਼ਕ ਹੈ...ਇਹ ਇਕ ਐਸਾ ਨਿਰਣਾ ਹੈ, ਇਕ ਐਸੀ ਤੁਲਨਾ ਹੈ, ਜਿਸ ਵਿਚ ਦੋ ਵਸਤਾਂ ਇਕ ਦੂਜੀ ਦੁਆਰਾ ਨਾਪੀਆਂ ਤੋਲੀਆਂ ਜਾਂਦੀਆਂ ਹਨ।[14]

ਸੋ ਆਧੁਨਿਕਤਾ ਅਤੀਤ ਅਤੇ ਪਰੰਪਰਾ ਤੋਂ ਟੁੱਟਾ ਕੋਈ ਸੰਕਲਪ ਨਹੀਂ। ਸਗੋਂ ਇਹ ਆਪਣੀ ਮੂਲ ਸ਼ਕਤੀ ਹੀ ਪਰੰਪਰਾ ਦੇ ਵਿਰਾਟ ਅਤੇ ਸੰਬਾਦਕ ਪਰਿਪੇਖ ਵਿਚੋਂ ਪ੍ਰਾਪਤ ਕਰਦਾ ਹੈ। ਇਸੇ ਲਈ ਇਸ ਦਾ ਸਬੰਧ ਏਨਾ ਕਾਲ-ਚੇਤਨਾ ਨਾਲ ਨਹੀਂ ਜਿੰਨਾ ਸੰਕਲਪ-ਚੇਤਨਾ ਨਾਲ ਹੈ।

ਆਧੁਨਿਕ ਕਾਵਿਕ ਸੰਵੇਦਨਾ ਦੀ ਉਪਰੋਕਤ ਪਰਿਭਾਸ਼ਾ ਅਨੁਸਾਰ ਆਧੁਨਿਕ ਰਚਨਾਤਮਕ ਆਦਰਸ਼ਾਂ ਦੀ ਸਾਧਨਾ, ਨਿਰਸੰਦੇਹ, ਪੁਰਾਣੇ ਅਤੇ ਨਵੇਂ ਦੇ ਇਤਿਹਾਸਕ ਤਨਾਓ ਅਤੇ ਇਸ ਦੀ ਦਵੰਦਾਤਮਕ ਗਤੀਸ਼ੀਲਤਾ ਤੋਂ ਪ੍ਰੇਰਣਾ ਲੈਂਦੀ ਹੈ। ਇਸ ਤਨਾਓ ਨੇ ਅਜੋਕੇ ਮਨੁੱਖ ਦੇ ਅੰਤਰ-ਬੋਧ ਅਤੇ ਉਸ ਦੀ ਯੁਗ-ਚੇਤਨਾ ਨੂੰ ਬੜੀ ਤੀਖਣਤਾ ਨਾਲ ਪ੍ਰਭਾਵਿਤ ਕੀਤਾ ਹੈ ਅਤੇ ਆਧੁਨਿਕ ਮਨੁੱਖ ਦੇ ਯੁਗ-ਬੋਧ ਅਤੇ ਸੰਵੇਦਨਾ ਉੱਤੇ ਪਏ ਇਸ ਪ੍ਰਭਾਵ ਨੇ ਹੀ ਆਧੁਨਿਕ ਯੁਗ-ਚਿੰਤਨ ਅਥਵਾ ਵਿਸ਼ਵ-ਦਰਸ਼ਨ ਦੇ ਆਧਾਰ ਨਿਸਚਿਤ ਕੀਤੇ ਹਨ।

ਪ੍ਰਸਿੱਧ ਅੰਗ੍ਰੇਜ਼ੀ ਕਵੀ ਅਤੇ ਆਲੋਚਕ ਡਬਲਯੂ. ਐਚ. ਆਡਨ ਨੇ ਆਧੁਨਿਕ ਵਿਸ਼ਵ-ਦਰਸ਼ਨ ਦੇ ਨਿਮਨ-ਅੰਕਿਤ ਚਹੁੰ ਪੱਖਾਂ ਵੱਲ ਸਾਡਾ ਧਿਆਨ ਖਿੱਚਿਆ ਹੈ ਜਿਨ੍ਹਾਂ ਦੇ ਕਾਰਣ ਰਚਨਾਤਮਕ ਕਾਰਜ ਪਹਿਲਾਂ ਨਾਲੋਂ ਕਿਤੇ ਵੱਧ ਜਟਿਲ ਹੋ ਗਿਆ ਹੈ :[15]

(ੳ) ਆਧੁਨਿਕ ਭੌਤਿਕ ਵਿਗਿਆਨ ਦੇ ਦ੍ਰਿਸ਼ਟਮਾਨ ਭੌਤਿਕ ਜਗਤ ਦੀ ਨਿਰੰਕੁਸ਼ਤਾ ਜਾਂ ਸਦੀਵਤਾ ਦੀ ਮਿਥ ਦਾ ਕੁਝ ਇਸ ਤਰ੍ਹਾਂ ਵਿਸਫੋਟ ਕੀਤਾ ਹੈ ਕਿ ਆਧੁਨਿਕ ਸੰਵੇਦਨਾ ਵਾਲੇ ਕਵੀ ਦੇ ਸਾਹਮਣੇ ਸਦੀਵਤਾ ਦਾ ਇਕ ਵੀ ਵਸਤੂਗਤ ਪ੍ਰਮਾਣ ਨਹੀਂ ਰਿਹਾ ਜਿਸ ਤੋਂ ਆਪਣੇ ਜੀਵਨ ਦੀ ਅਨਿੱਤਤਾ ਦੀ ਪ੍ਰਿਸ਼ਠ-ਭੂਮੀ ਵਿਚ ਉਹ ਕਿਸੇ ਨਿਰੰਕੁਸ਼ ਜਾਂ ਸਦੀਵੀ ਮੁੱਲ ਵਾਲੀ ਕਲਾ ਰਚਨਾ ਕਰਨ ਲਈ ਪ੍ਰੇਰਿਤ ਹੋ ਸਕੇ।[16] ਇਹੀ ਕਾਰਣ ਹੈ ਕਿ ਆਪਣੇ ਪੂਰਵ-ਕਾਲੀ ਕਵੀਆਂ ਦੇ ਮੁਕਾਬਲੇ ਵਿਚ, ਜੋ ਧਰਤੀ, ਸੂਰਜ, ਆਕਾਸ਼ ਚੰਨ ਤਾਰਿਆਂ ਅਤੇ ਸਾਗਰਾਂ ਦੀ ਹੋਂਦ ਨੂੰ ਨਿਰੰਕੁਸ਼, ਸਦੀਵੀ ਤੇ ਅਬਦਲ ਮੰਨਦੇ ਆਏ ਸਨ, ਉਹ ਨ ਕੇਵਲ ਸਦੀਵਤਾ ਅਤੇ ਸੰਪੂਰਣਤਾ ਦੇ ਆਦਰਸ਼ਾਂ ਤੋਂ ਉਪਰਾਮ ਹੋਣ ਵੱਲ ਹੀ ਉੱਲਰਦਾ ਹੈ ਸਗੋਂ ਜੀਵਨ ਦੇ ਛਿਨ-ਭੰਗਰ ਤੇ ਉਡਦੇ ਪਲਾਂ ਅਤੇ ਛਲ ਰੂਪ ਅਨੁਭਵਾਂ ਨੂੰ ਅਭਿਵਿਅਕਤ ਕਰਨ ਵਿਚ ਹੀ ਆਪਣੀ ਰਚਨਾਤਮਕ ਤ੍ਰਿਪਤੀ ਲੱਭਣ ਲਗ ਪਿਆ ਹੈ।

(ਅ) ਇਸ ਦੇ ਨਾਲ ਹੀ ਦ੍ਰਿਸ਼ਟਮਾਨ ਸੰਵੇਦਨਾਤਮਕ ਜਗਤ ਦੀ ਵਾਸਤਵਿਕਤਾ ਅਤੇ ਸਾਰਥਕਤਾ ਵਿਚ ਵਿਸ਼ਵਾਸ ਦਾ ਖੰਡਿਤ ਹੋਣਾ ਆਧੁਨਿਕ ਯੁਗ-ਬੋਧ ਦਾ ਇਕ ਹੋਰ ਮਹੱਤਵਪੂਰਣ ਪੱਖ ਹੈ। ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨੇ ਗਿਆਨ-ਇੰਦਰੀਆਂ ਦੁਆਰਾ ਯਥਾਰਥ ਦੇ ਸਰਲ ਸਪਾਟ ਨਿਰੀਖਣ ਵਿਚ ਵੀ ਸਾਡਾ ਵਿਸ਼ਵਾਸ ਖੇਰੂੰ ਖੇਰੂੰ ਕਰ ਦਿੱਤਾ ਹੈ। (ਜੀ. ਐਚ. ਏ. ਕੋਲ ਅਨੁਸਾਰ ਤਾਂ ਭੌਤਿਕ ਜਗਤ ਦੀ ਵਾਸਤਵਿਕਤਾ ਨੂੰ ਲਿਖ ਸਕਣਾ ਜਾਂ ਇਸ ਦੀ ਕੋਈ ਸਥਾਈ ਵਿਆਖਿਆ ਪੇਸ਼ ਕਰ ਸਕਣਾ ਲਗਭਗ ਅਸੰਭਵ ਹੀ ਹੋ ਗਿਆ ਹੈ।[17]

ਅਸੀਂ ਕੇਵਲ ਕਿਸੇ ਵਿਸ਼ੇਸ਼ ਮਨੋਰਥ ਅਧੀਨ ਯਥਾਰਥ ਬਾਰੇ ਕੋਈ ਲੋੜੀਦਾ ਸੰਕਲਪ ਹੀ ਗ੍ਰਹਿਣ ਕਰ ਸਕਦੇ ਹਾਂ। ਯਥਾਰਥ ਦਾ ਬੋਧ ਆਧੁਨਿਕ ਯੁਗ ਵਿਚ ਨਿਸਚੇ ਹੀ ਇੰਦਰੀ-ਸੰਵੇਦਨਾ ਤੋਂ ਪਾਰਲੀ ਹਕੀਕਤ ਬਣ ਨਿਬੜਿਆ ਹੈ।

(ੲ) ਇੰਜ ਹੀ ਆਧੁਨਿਕ ਗਿਆਨ ਦੇ ਬਹੁ-ਪਾਸਾਰੀ ਪ੍ਰਕਾਸ਼ ਨੇ ਕਿਸੇ ਸਥਾਈ ਮਾਨਵੀ ਆਦਰਸ਼ ਦਾ ਧਰਵਾਸਾ ਵੀ ਸਾਥੋਂ ਖੋਹ ਲਿਆ ਹੈ ਜੋ ਇਕਸਾਰ, ਇਕਾਗਰ ਮਾਨਵ-ਜਗਤ ਦੀ ਅਖੰਡ ਨਿਰੰਤਰਤਾ ਦਾ ਆਧਾਰ ਬਣਿਆ ਰਹਿ ਸਕਦਾ। ਵੱਖ ਵੱਖ ਯੁਗਾਂ ਅਤੇ ਭਿੰਨ ਭਿੰਨ ਸੰਸਕ੍ਰਿਤੀਆਂ ਦਾ ਸਾਹਿਤ ਅਤੇ ਕਲਾ ਆਧੁਨਿਕ ਮਨੁੱਖ ਦੀ ਪਹੁੰਚ ਵਿਚ ਹਨ। ਇਸ ਤੱਥ ਨੇ ਪਰੰਪਰਾ ਦਾ ਅਰਥ ਹੀ ਬਦਲ ਕੇ ਰਖ ਦਿੱਤਾ ਹੈ। ਪਰੰਪਰਾ ਦਾ ਅਰਥ ਅਤੀਤ ਅਤੇ ਵਰਤਮਾਨ ਦੀ ਉਹ ਅਖੰਡ ਸਚੇਤਨਾ ਹੈ ਜਿਸ ਦੇ ਸਮੱਗਰ, ਸਜੀਵ ਸੰਗਠਨ ਵਿਚ ਕਾਲ-ਖੰਡ ਪਹਿਲਾਂ ਅਤੇ ਪਿਛੋਂ ਦੀ ਅਟੁੱਟ ਇਤਿਹਾਸ-ਰੇਖਾ ਵਿਚ ਇਕ ਦੂਜੇ ਨਾਲ ਸੰਜੁਗਤ ਹਨ।

(ਸ) ਆਧੁਨਿਕ ਯੁਗ ਵਿਚ ਵਿਅਕਤੀਗਤ ਰਚਨਾਤਮਕ ਕਿਰਤਾਂ ਦੇ ਪ੍ਰਭਾਵ ਮੰਡਲ ਦਾ ਸਮੂਹਕ ਚਰਿਤਰ ਬਦਲ ਜਾਣ ਨਾਲ ਆਧੁਨਿਕ ਕਵਿਤਾ ਦੀ ਅਭਿਵਿਅੰਜਨ-ਸ਼ੈਲੀ ਦਾ ਮੂਲ ਸੁਭਾ ਹੀ ਹੋਰ ਦਾ ਹੋਰ ਹੋ ਗਿਆ ਹੈ। 'ਬੋਲ ਦੀ ਅਤਿ ਨਿਕਟੀ ਨਿਸੰਗ ਧੁਨੀ, ਜਿਸ ਵਿਚ ਵਿਅਕਤੀ, ਇਕੱਲੇ ਵਿਅਕਤੀ ਨੂੰ ਸੰਬੋਧਿਤ ਹੁੰਦਾ ਹੈ, ਆਧੁਨਿਕ ਕਾਵਿ-ਸ਼ੈਲੀ ਦਾ ਵਿਸ਼ੇਸ਼ ਲੱਛਣ ਬਣ ਨਿੱਬੜੀ ਹੈ। ਇਸ ਦਾ ਨਾਇਕ ਨੇ ਤਾਂ ਅਸਾਧਾਰਣ ਕਾਰਜ ਕਰਨ ਵਾਲਾ "ਮਹਾਂ ਮਾਨਵ" ਹੈ, ਨ ਰੋਮਾਂਟਿਕ ਵਿਦਰੋਹੀ। ਸਗੋਂ ਇਸ ਦਾ ਨਾਇਕ ਜੀਵਨ ਮਾਰਗ ਤੇ ਚਲਦਾ ਸਾਧਾਰਣ ਪੁਰਸ਼ ਜਾਂ ਇਸਤਰੀ ਹੈ ਜੋ ਆਧੁਨਿਕ ਸਮਾਜ ਦੇ ਨਿਰਮੁਖ ਅਨਾਤਮ ਦਬਾਵਾਂ ਦੇ ਬਾਵਜੂਦ ਆਪਣਾ ਵਿਸ਼ੇਸ਼ ਚਿਹਰਾ ਲੱਭਣ ਤੇ ਇਸ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹੈ।

ਇੰਜ ਦ੍ਰਿਸ਼ਟਮਾਨ ਭੌਤਿਕ ਯਥਾਰਥ ਦੀ ਨਿਸਚਿਤਤਾ ਜਾਂ ਇਸ ਦੀ ਨਿਰੰਕੁਸ਼ ਸਦੀਵਤਾ ਦੇ ਭਰਮ ਦਾ ਟੁੱਟਣਾ, ਆਧੁਨਿਕ ਭੌਤਿਕ ਵਿਗਿਆਨ ਅਤੇ ਤਕਨਾਲੋਜੀ ਦੇ ਤੇਜ਼-ਰਫ਼ਤਾਰੀ ਵਿਕਾਸ ਦੇ ਕਾਰਣ ਯਥਾਰਥ-ਬੋਧ ਸਬੰਧੀ ਆਪਣੀਆਂ ਸੰਵੇਦਨਾਵਾਂ ਦੀ ਵਾਸਤਵਿਕਤਾ ਵਿਚ ਹੀ ਮਨੁੱਖ ਦੇ ਭਰੋਸੇ ਦਾ ਖੀਣ ਹੋਣਾ, ਨਿੱਤ ਪਸਰਦੇ ਗਿਆਨ ਦੇ ਨਵੇਂ ਦਿਸਹੱਦਿਆਂ ਕਰ ਕੇ ਸਦੀਵੀ ਮਨੁੱਖੀ ਕੀਮਤਾਂ ਅਤੇ ਆਦਰਸ਼ਾਂ ਦੇ ਧਰਵਾਸੇ ਤੋਂ ਵਿਛੁੰਨੇ ਜਾਣਾ ਕੁਝ ਅਜਿਹੇ ਮਹੱਤਵਪੂਰਣ ਤੱਥ ਹਨ ਜਿਨ੍ਹਾਂ ਨੇ ਆਧੁਨਿਕ ਮਨੁੱਖ ਦੇ ਪੈਰਾਂ ਹੇਠੋਂ ਸਥਾਈ ਕਦਰਾਂ ਕੀਮਤਾਂ, ਅਤੇ ਇਨ੍ਹਾਂ ਤੋਂ ਪੈਦਾ ਹੋਣ ਵਾਲੇ ਆਤਮ-ਵਿਸ਼ਵਾਸ ਦੀ ਧਰਤੀ ਹੀ ਖਿਸਕਾ ਕੇ ਰੱਖ ਦਿੱਤੀ ਹੈ। ਇਸ ਦੇ ਫਲ ਸਰੂਪ ਆਧੁਨਿਕ ਕਵੀ ਦਾ ਰਚਨਾ- ਜਗਤ ਸਮੂਹ ਨਾਲ ਸੰਬਾਦ ਸਥਾਪਿਤ ਕਰਨ ਦੀ ਬਜਾਏ ਨ ਕੇਵਲ ਵਿਅਕਤੀਮੁਖ ਅਭਿਵਿਅੰਜਨ-ਸ਼ੈਲੀਆਂ ਵੱਲ ਹੀ ਰੁਚਿਤ ਹੋਇਆ ਹੈ, ਸਗੋਂ ਆਧੁਨਿਕ ਜੀਵਨ ਦੀ ਖਿੰਡਾਊ ਪ੍ਰਕਿਰਤੀ ਨੂੰ ਇਸ ਦੀ ਸਮੱਗਰਤਾ ਵਿਚ ਗ੍ਰਹਿਣ ਅਤੇ ਅਭਿਵਿਅਕਤ ਕਰਨ ਦੀ ਰਚਨਾਤਮਕ ਜਿਗਿਆਸਾ ਨੇ ਉਸ ਦੇ ਰਚਨਾ-ਕਾਰਜ ਅਤੇ ਕਾਵਿਕ ਮੁਹਾਵਰੇ ਨੂੰ ਵਧੇਰੇ ਜਟਿਲ ਅਤੇ ਅਸਪਸ਼ਟ ਅਥਵਾ ਧੁੰਦਲਾ ਬਣਾ ਦਿੱਤਾ ਹੈ।

ਪਰ ਆਧੁਨਿਕ ਸੰਵੇਦਨਾ ਵਿਅਕਤੀਮੁਖ ਅਭਿਵਿਅੰਜਨ, ਅਸਪਸ਼ਟਤਾ ਅਤੇ ਧੁੰਦਲੇਪਣ ਦੇ ਬਾਵਜੂਦ ਜੀਵਨ-ਅਨੁਭਵ ਦੀ ਅਖੰਡਤਾ ਨੂੰ ਹੀ ਆਪਣਾ ਕੇਂਦਰ-ਬਿੰਦੂ ਮੰਨਦੀ ਹੈ। ਡਾ. ਅਤਰ ਸਿੰਘ ਅਨੁਸਾਰ :-

> ਆਧੁਨਿਕਤਾ ਇਕ ਸੰਪੂਰਣ ਦ੍ਰਿਸ਼ਟੀਕੋਣ ਹੈ ਜਿਸਦਾ ਮੁਖ ਲੱਛਣ ਜੀਵਨ ਨੂੰ ਉਸ ਦੀਆਂ ਜਟਿਲਤਾਵਾਂ ਅਤੇ ਉਸ ਦੇ ਭਾਗਾਂ, ਵਿਭਾਗਾਂ ਦੇ ਬਾਵਜੂਦ ਇਕਾਗਰ ਰੂਪ ਵਿਚ ਵੇਖਣ ਦੀ ਪ੍ਰੇਰਨਾ ਦੇਣਾ ਹੈ। ਅਨੁਭਵ ਦੇ ਕਿਸੇ ਇਕ ਪੱਖ ਨੂੰ ਉਹਲੇ ਕਰਨ ਨਾਲ ਇਸ ਦ੍ਰਿਸ਼ਟੀਕੋਣ ਦੇ ਖੰਡਿਤ ਹੋ ਜਾਣ ਦਾ ਡਰ ਹੈ। ਇਸ ਨੂੰ ਪਰਗਟ ਕਰਨ ਦਾ ਭਾਵ ਸਾਹਿਤ ਨੂੰ ਕੇਵਲ ਮਨੋਰੰਜਨ ਜਾਂ ਭਾਵ-ਮੁਕਤੀ ਦੇ ਵਸੀਲੇ ਵਜੋਂ ਵਰਤਣ ਦਾ ਨਹੀਂ ਸਗੋਂ ਇਸ ਨੂੰ ਅਪਣਾਉਣ ਦਾ ਅਰਥ ਇਸ ਰਾਹੀਂ ਜੀਵਨ ਦੇ ਕੇਂਦਰੀ ਸੱਚ ਤਕ ਅਪੜਨ ਦਾ ਹੈ।[18]

ਆਧੁਨਿਕਤਾ ਦੇ ਸੁਭਾ ਬਾਰੇ ਇਸ ਕਥਨ ਤੋਂ ਅਸੀਂ ਨਿਮਨ-ਅੰਕਿਤ ਸਿੱਟੇ ਕੱਢ ਸਕਦੇ ਹਾਂ :

(ਕ) ਆਧੁਨਿਕ ਸੰਵੇਦਨਾ ਜੀਵਨ-ਅਨੁਭਵ ਦੀ ਗਤੀਸ਼ੀਲ ਅਤੇ ਜਟਿਲ ਸਮੱਗਰਤਾ ਨੂੰ ਰਚਨਾ ਵਿਚ ਇਕਾਗਰ ਕਰਨ ਦਾ ਯਤਨ ਕਰਦੀ ਹੈ।

(ਖ) ਆਧੁਨਿਕਤਾ ਜੀਵਨ-ਅਨੁਭਵ ਦੇ ਕਿਸੇ ਇਕ ਪੱਖ ਨੂੰ ਅਖੋਂ ਪਰੋਖੇ ਕਰ ਕੇ ਇਸ ਦੀ ਸਮੁੱਚਤਾ ਨੂੰ ਖੰਡਿਤ ਨਹੀਂ ਕਰਦੀ।

(ਗ) ਸਾਹਿਤ ਜਾਂ ਕਲਾ ਵਿਚ ਇਸ ਦ੍ਰਿਸ਼ਟੀਕੋਣ ਦੀ ਵਰਤੋਂ ਕੇਵਲ ਮਨੋਰੰਜਨ ਜਾਂ ਭਾਵ-ਮੁਕਤੀ ਦਾ ਮਾਧਿਅਮ ਹੀ ਨਹੀਂ ਬਣਦੀ ਸਗੋਂ ਕਾਲ-ਅਤੀਤ ਮਨੁੱਖੀ ਅਨੁਭਵ ਦੀ ਪ੍ਰਤੀਤੀ ਦੁਆਰਾ ਜੀਵਨ ਦੇ ਰਹੱਸਮਈ ਅਰਥ ਦੀ ਸਾਧਨਾ ਦਾ ਆਧਾਰ ਬਣਦੀ ਹੈ।

ਆਧੁਨਿਕ ਕਲਾ ਜਾਂ ਕਵਿਤਾ ਵਿਚ ਆਧੁਨਿਕ ਸੰਵੇਦਨਾ ਦਾ ਪ੍ਰਕਾਸ਼ ਕਈ ਇਕ ਧਾਰਾਵਾਂ ਜਾਂ ਵਾਦਾਂ ਦੇ ਰੂਪ ਵਿਚ ਹੋਇਆ ਮਿਲਦਾ ਹੈ ਜਿਨ੍ਹਾਂ ਵਿਚ ਕਈ ਇਕ ਪੱਧਰਾਂ ਉੱਤੇ ਪਹੁੰਚ ਅਤੇ ਵੇਰਵੇ ਦੇ ਅੰਤਰ-ਵਿਰੋਧ ਵੀ ਪ੍ਰਗਟ ਹੁੰਦੇ ਹਨ। ਪਰ ਸਟੀਫ਼ਨ ਸਪੈਂਡਰ ਨੇ ਇਨ੍ਹਾਂ ਸਭ ਧਾਰਾਵਾਂ ਅਥਵਾ ਵਾਦਾਂ ਨੂੰ ਅਤੀਤ ਅਤੇ ਭਵਿੱਖ ਦੇ ਗਤੀਸ਼ੀਲ ਟਕਰਾਉ ਦੇ ਰੂਪ ਵਿਚ ਸੰਪੂਰਨ ਦਰਸ਼ਨ ਦੀਆਂ ਅੱਡ ਅੱਡ ਅਭਿਅੰਜਨ-ਤਕਨੀਕਾਂ ਅਤੇ ਪ੍ਰੋਗ੍ਰਾਮਾਂ ਦੇ ਰੂਪ ਵਿਚ ਸੰਕਲਪਿਤ ਕੀਤਾ ਹੈ। ਉਸਦਾ ਮਤ ਹੈ ਕਿ ਇਨ੍ਹਾਂ ਸਾਰੀਆਂ ਧਾਰਾਵਾਂ ਵਿਚ ਆਧੁਨਿਕ ਸੰਵੇਦਨਾ ਦਾ ਰਚਨਾਤਮਕ ਪ੍ਰਕਾਸ਼ ਨਿਮਨ-ਅੰਕਿਤ ਮਨੋਰਥਾਂ ਦੀ ਸਾਧਨਾ ਨੂੰ ਸਮਰਪਿਤ ਹੈ :[19]

1. ਨਵੀਂ ਕਲਾ ਦੁਆਰਾ ਆਧੁਨਿਕ ਅਨੁਭਵ ਦੀ ਸਾਧਨਾ ਜਾਂ ਪ੍ਰਤੀਤੀ
2. ਕਲਾ ਦੁਆਰਾ, ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ, ਆਸ ਦੇ ਪ੍ਰਤਿਰੂਪ ਦਾ ਅਵਿਸ਼ਕਾਰ
3. ਉਸ ਕਲਾ ਦਾ ਸੰਕਲਪ ਜੋ ਸਾਂਝੇ ਜੀਵਨ ਦੇ ਆਧੁਨਿਕ ਪ੍ਰਤੀਕ-ਪ੍ਰਬੰਧ ਵਿਚ ਅਤੀਤ ਨੂੰ ਵਰਤਮਾਨ ਨਾਲ ਅਭੇਦ ਕਰੇਗੀ
4. ਕਲਾ ਦਾ ਵਿਕਲਪੀ ਜੀਵਨ
5. ਯਥਾਰਥ ਦਾ ਵਿਰੂਪਣ
6. ਪਰੰਪਰਾ ਦਾ ਕ੍ਰਾਂਤੀਸ਼ੀਲ ਸੰਕਲਪ

1. ਆਧੁਨਿਕ ਅਨੁਭਵ ਦੀ ਸਾਧਨਾ ਜਾਂ ਪ੍ਰਤੀਤੀ, ਆਧੁਨਿਕ ਸੰਸਾਰ ਦੇ ਤੀਬਰਤਾ ਸਾਹਿਤ ਅਨੁਭਵ ਕੀਤੇ ਜਾਣ ਵਾਲੇ ਪਰਿਵਰਤਨਾਂ ਨੂੰ ਅਭਿਵਿਅਕਤ ਕਰਨ ਲਈ ਨਵੀਂ ਰਚਨਾ-ਸ਼ੈਲੀ ਨੂੰ ਜਨਮ ਦੇਣ ਦਾ ਮੂਲ ਸੰਕੇਤ ਅਥਵਾ ਨਿਸਚਾ ਹੈ। ਸਨਅਤੀ ਸ਼ਹਿਰ, ਮਸ਼ੀਨਾਂ, ਕ੍ਰਾਂਤੀਆਂ, ਵਿਗਿਆਨਕ ਸੋਚਣੀ ਆਦਿ ਨੇ ਮਾਨੋ ਰਹਿਣੀ ਬਹਿਣੀ ਦਾ ਸੁਭਾਅ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਲਈ ਆਧੁਨਿਕ ਕਵੀ ਜਾਂ ਕਲਾਕਾਰ ਨੂੰ ਵੇਖਣ, ਭਾਖਣ ਅਤੇ ਸੁਣਨ ਦਾ ਨਵਾਂ ਮੁਹਾਵਰਾ ਗ੍ਰਹਿਣ ਕਰ ਕੇ ਆਧੁਨਿਕ ਅਧਿਕਾਰ ਨੂੰ ਪੂਰਨ ਕਰ ਕੇ ਬਦਲੇ ਜਾਂ ਸੋਧੇ ਹੋਏ ਕਲਾ ਰੂਪਾਂ ਵਿਚ ਢਾਲਣਾ ਪੈਂਦਾ ਹੈ।

ਇੰਜ ਅਜਿਹੇ ਮੁਹਾਵਰੇ ਦਾ ਅਵਿਸ਼ਕਾਰ ਕਰਨਾ ਆਧੁਨਿਕ ਅਨੁਭਵ-ਸਾਧਨਾ ਦਾ ਸਭ ਤੋਂ ਉਘੜਵਾਂ ਲੱਛਣ ਹੈ ਜੋ ਸਮਕਾਲੀਆਂ ਦੀ ਆਵਾਜ਼ ਦੀ ਧੁਨੀ, ਮਸ਼ੀਨਾਂ ਅਤੇ ਤੇਜ ਰਫ਼ਤਾਰ ਦੁਨੀਆਂ ਦੀ ਬਦਲੀ ਹੋਈ ਦ੍ਰਿਸ਼ਟੀ, ਬਦਲੀ ਹੋਈ ਸਮਕਾਲੀ ਗਤੀ ਤੇ ਤਾਲਾਂ ਅਤੇ ਢਹਿ ਢੇਰੀ ਹੋ ਰਹੀਆਂ ਪੁਰਾਣੀਆਂ ਦਰਜੇਬੰਦੀਆਂ ਦੇ ਯੁਗ ਵਿਚ ਮਾਨਵਤਾ ਦੀ ਨਵੀਂ ਆਵਾਜ਼ ਦੇ ਅਨੁਕੂਲ ਹੋਵੇ।

ਗਲੀ ਬਾਜ਼ਾਰ ਦਾ ਜਨ-ਜੀਵਨ ਇਹੀ ਮੁਹਾਵਰਾ ਬੋਲਦਾ ਹੈ ਅਤੇ ਕਲਾਕਾਰ ਦੇ ਮਨ ਵਿਚ ਇਹੀ ਮੁਹਾਵਰਾ ਨਵੀਆਂ ਰੂਪ-ਘਾੜਤਾਂ ਦਾ ਆਧਾਰ ਬਣਦਾ ਹੈ। ਪੰਜਾਬੀ ਵਿਚ ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਡਾ. ਬਲਬੀਰ ਸਿੰਘ, ਪੂਰਨ ਸਿੰਘ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਹਰਿਭਜਨ ਸਿੰਘ ਆਦਿ ਸਾਹਿਤਕਾਰਾਂ ਨੇ ਆਪਣੀ ਕਾਵਿ-ਰਚਨਾ ਅਤੇ ਕਾਵਿਮਈ ਵਾਰਤਕ ਵਿਚ ਇਸ ਆਧੁਨਿਕ ਮੁਹਾਵਰੇ ਨੂੰ ਆਧੁਨਿਕ ਸੰਵੇਦਨਾ ਅਤੇ ਅਨੁਭਵ ਦਾ ਵਾਹਣ ਬਣਾਇਆ ਹੈ। ਇਹ ਮੁਹਾਵਰਾ ਨਿਰਯਤਨ ਗੱਲ-ਬਾਤੀ ਲਹਿਜੇ ਵਿਚ ਵਿਅਕਤ ਹੋਇਆ, ਜਿਸ ਨੂੰ ਗ੍ਰਹਿਣ ਕਰਨਾ ਔਖਾ ਨਹੀਂ ਸੀ।

2. ਆਸ ਦੇ ਪ੍ਰਤਿਰੂਪ ਦਾ ਅਵਿਸ਼ਕਾਰ ਇਸ ਵਿਸ਼ਵਾਸ ਅਤੇ ਧਾਰਣਾ ਉੱਤੇ ਆਧਾਰਿਤ ਹੈ ਕਿ ਆਧੁਨਿਕ ਕਲਾ ਜਾਂ ਕਵਿਤਾ ਤਤਕਾਲੀਨ ਜਗਤ ਦਾ ਰੂਪਾਂਤ੍ਰਣ ਕਰਨ ਦੇ ਸਮਰੱਥ ਹੈ ਅਤੇ ਇਸ ਜਗਤ ਦੇ ਵਾਸੀਆਂ ਨੂੰ ਸ਼ਾਂਤ ਅਤੇ ਉੱਚਾਰ-ਚਿੱਤ ਬਣਾ ਕੇ ਸੰਸਾਰ ਵਿਚ ਕ੍ਰਾਂਤੀ ਪੈਦਾ ਕਰ ਸਕਦੀ ਹੈ। ਬੇਸ਼ਕ 'ਕਿਸੇ ਯੁਗ ਵਿਚ ਪ੍ਰਚਲਿਤ ਵਿਚਾਰ ਹੀ ਉਹ ਤੱਤ ਹਨ ਜਿਨ੍ਹਾਂ ਦੁਆਰਾ ਸਾਹਿੱਤ ਵਿਚ ਰਚਨਾਤਮਕ ਸ਼ਕਤੀਆਂ ਕਿਰਿਆਸ਼ੀਲ ਹੁੰਦੀਆਂ ਹਨ।'[20] ਅਤੇ ਸਾਹਿਤ ਜਾਂ ਕਵਿਤਾ ਦੇ ਗਤੀਸ਼ੀਲ ਪ੍ਰਭਾਵ ਦੇ ਫਲ ਸਰੂਪ

> ਸਮਾਜ ਕਿਸੇ ਨਿਰਪੇਖ ਅਰਥ ਵਿਚ ਹੀ ਨਹੀਂ, ਸਗੋਂ ਆਪਣੇ ਵਾਸਤਵਿਕ ਸੰਗਠਨ, ਆਪਣੇ ਭਵਨਾਂ, ਸੰਸਥਾਵਾਂ ਅਤੇ ਕਾਰਖ਼ਾਨਿਆਂ, ਆਪਣੇ ਕੰਮ ਦੀ ਪ੍ਰਕਿਰਤੀ ਤੇ ਗੁਣ ਅਤੇ ਵੱਖ ਵੱਖ ਸ਼੍ਰੇਣੀਆਂ ਨੂੰ ਆਪਣੀ ਕਿਰਤ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦੇ ਰੂਪ ਵਿਚ ਬਦਲਦਾ ਹੈ।[21]

ਇਹ ਤੱਥ ਆਸ ਦੇ ਇਸ ਮੂਲ ਵਿਵੇਕ ਉੱਤੇ ਆਧਾਰਿਤ ਹੈ ਕਿ ਇਹ ਕਲਾਕਾਰ ਦੇ ਵਿਤ੍ਰਿਕਤ ਅੰਤਰ-ਮਨ ਵਿਚ ਸੁੰਗੜੀ ਦੁਨੀਆਂ ਨੂੰ ਬਾਹਰਲੇ ਸੰਸਾਰ ਨਾਲ ਮੁੜ ਜੋੜ ਸਕਦੀ ਹੈ ਅਤੇ ਆਪਣੀ ਰਚਨਾਤਮਕ ਦ੍ਰਿਸ਼ਟੀ ਦੁਆਰਾ ਉਹ ਕਲਾ ਪ੍ਰਤੀ ਰੁਚੀ ਰੱਖਣ ਵਾਲੇ ਲੋਕਾਂ ਦੇ ਜੀਵਨ ਵਿਚ ਕ੍ਰਾਂਤੀ ਦੀ ਚਿਣਗ ਬਾਲ ਦਿੰਦਾ ਹੈ।

ਇਹੀ ਕਾਰਣ ਹੈ ਕਿ ਨਿਖੇਦਵਾਦੀ, ਅਭਿਵਿਅੰਜਨਾਵਾਦੀ ਅਤੇ ਪੜਯਥਾਰਥਵਾਦੀ ਉਦੇਸ਼-ਪੱਤਰਾਂ ਵਿਚ ਵੀ ਕ੍ਰਾਂਤੀਸ਼ੀਲ ਚੇਤਨਾ ਦੀ ਭਾਵਨਾ ਇਕਸਾਰ ਵਿੱਦਮਾਨ ਨਜ਼ਰ ਆਉਂਦੀ ਹੈ। ਸਾਰੇ ਹੀ ਅਸਲ ਕ੍ਰਾਂਤੀਕਾਰੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਜਿਸ ਜੀਵਨ ਸ਼ਕਤੀ ਦੀ ਉਹ ਪ੍ਰਤੀਨਿਧਤਾ ਕਰਦੇ ਹਨ, ਉਹੀ ਸਮਾਜਕ ਸ਼ਕਤੀ ਦੀ ਥਾਹ ਬਣੇਗੀ। ਉਨ੍ਹਾਂ ਦਾ ਇਹ ਵਿਸ਼ਵਾਸ ਆਧੁਨਿਕ ਕਵਿਤਾ ਜਾਂ ਕਲਾ ਨੂੰ ਅਚੇਤ ਸ਼ਕਤੀਆਂ ਦੇ ਲੋਕਤੰਤਰ ਦੀ ਪ੍ਰਤੀਨਿਧ ਬਣਾਉਂਦਾ ਹੈ ਜੋ ਆਰਥਿਕ ਲੋਕਤੰਤਰ ਦੀ ਭਾਵਨਾ ਦਾ ਹੀ ਰਚਨਾਤਮਕ ਪ੍ਰਕਾਸ਼ ਬਣ ਨਿੱਬੜਦਾ ਹੈ।

3. ਆਧੁਨਿਕ ਯਥਾਰਥ ਨੂੰ ਸਾਂਝੇ ਮਾਨਸਿਕ ਜੀਵਨ ਦੇ ਪ੍ਰਤੀਕ ਪ੍ਰਬੰਧ ਵਿਚ ਅਭਿਵਿਅਕਤ ਕਰਨ ਵਾਲੀ ਕਲਾ, ਆਸ ਦੇ ਸਮਾਜਕ ਪ੍ਰਤਿਰੂਪ ਦੀ ਤਸਵੀਰ ਦਾ ਉਲਟਾ ਆਸਾ ਪਾਸਾ ਪੇਸ਼ ਕਰਦੀ ਹੈ। ਆਸ ਦਾ ਸਮਾਜਕ ਪ੍ਰਤਿਰੂਪ ਅੰਦਰਲੀ ਦ੍ਰਿਸ਼ਟੀ ਨੂੰ ਸਮਾਜਕ ਪਰਿਵਰਤਨ ਵਿਚ ਰੂਪਾਂਤ੍ਰਿਤ ਕਰਨ ਦਾ ਸੰਕਲਪ ਕਰਦਾ ਹੈ, ਜਦੋਂ ਕਿ ਸਾਂਝੇ ਮਾਨਸਿਕ ਜੀਵਨ ਦਾ ਪ੍ਰਤੀਕ-ਪ੍ਰਬੰਧ ਵਸਤੂ-ਜਗਤ ਦੇ ਬਿੰਬਾਂ ਨੂੰ ਨਵੇਂ ਅਦਾਨ ਪ੍ਰਦਾਨ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸੂਰਜ, ਚੰਨ, ਪਹਾੜ, ਧਰੂ ਤਾਰਾ, ਫੁਲ, ਬਣਦਾ, ਵੈਦ, ਮਣੀ, ਦਾਦਾ, ਬੀਜ, ਭੋਗਪਾਲ, ਖੇੜੇ, ਹੰਸ, ਬਗਲਾ, ਬਾਜ ਆਦਿ, ਲੋਕ-ਮਾਨਸ ਵਿਚ ਸਭ ਹੋਏ ਸ਼ਬਦ ਸਹਿਜੇ ਹੀ ਮਾਨਸਿਕ ਜੀਵਨ ਦੇ ਪ੍ਰਤੀਕਾਂ ਦੇ ਰੂਪ ਵਿਚ ਵਿਸ਼ਾਲ ਅਰਥ ਅਤੇ ਨਵੇਂ ਪਾਸਾਰ ਗ੍ਰਹਿਣ ਕਰ ਸਕਦੇ ਹਨ।

4. ਕਲਾ ਦੇ ਵਿਕਲਪੀ ਜੀਵਨ ਤੋਂ ਸਪੈਂਡਰ ਦਾ ਭਾਵ ਉਪਰੋਕਤ ਦੋਹਾਂ ਆਸ਼ਿਆਂ ਤੋਂ ਭਿੰਨ ਹੈ। ਕਲਾ ਦੇ ਵਿਕਲਪੀ ਜੀਵਨ ਦੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਲਾਧਾਰ ਦੁਆਰਾ ਰਚਨਾਤਮਕ ਪ੍ਰਕਿਰਿਆਵਾਂ ਨੂੰ ਜੀਵਨ ਦੇ ਵਾਸਤਵਿਕ ਅਨੁਭਵਾਂ, ਖੁਸ਼ੀਆਂ ਜਾਂ ਲਿੰਗ-ਪੂਰਤੀ ਦੇ ਅਨੁਭਵਾਂ ਦੇ ਨੇੜੇ ਲਿਆਉਣ ਦੀ ਕਾਮਨਾ ਕੀਤੀ ਜਾਂਦੀ ਹੈ।

ਇਸੇ ਆਸ਼ੇ ਦੀ ਸਾਧਨਾ ਲਈ ਲੇਖਕਾਂ ਦੁਆਰਾ ਸਾਹਿਤ ਬਾਹਰੀਆਂ ਸੰਵੇਦਨਾਵਾਂ ਜਾਂ ਅਨੁਭੂਤੀਆਂ ਨੂੰ ਉਤੇਜਿਤ ਕਰਨ ਵਾਲੀ ਸਾਹਿਤਿਕ ਤਕਨੀਕ ਆਪਣਾ ਲਈ ਜਾਂਦੀ ਹੈ। ਪੜ-ਯਥਾਰਥਵਾਦੀਆਂ ਨੇ ਕਵਿਤਾ ਨੂੰ ਕਥਿਤ ਪਰਾਵਾਸਤਵਿਕ ਮਾਨਸਿਕ ਅਵਸਥਾਵਾਂ ਪੈਦਾ ਕਰਨ ਦੀ ਰਚਨਾਤਮਕ ਵਿਧੀ ਦੇ ਤੌਰ 'ਤੇ ਵਰਤਿਆ। ਇੰਜ ਹੀ ਕਲਾ ਨੂੰ ਜੀਵਨ-ਅਨੁਭਵ ਦੇ ਬਦਲ ਦੇ ਰੂਪ ਵਿਚ ਪੇਸ਼ ਕਰਨ ਵਾਲੀਆਂ ਹੋਰ ਸਭ ਧਾਰਾਵਾਂ, ਕਲਾ ਦੇ ਮਾਧਿਅਮ ਦੁਆਰਾ ਸਨਅਤੀਕਰਣ ਵਾਲੇ ਸਮਾਜਾਂ ਵਿਰੁੱਧ ਮਾਨਸਿਕ ਜੀਵਨ ਦਾ ਸੰਤੁਲਨ ਬਹਾਲ ਕਰਨ ਵਾਲੀਆਂ ਆਤਮਕ ਇੰਦ੍ਰਿਆਵੀ ਜਾਂ ਗੁਹਜ ਸ਼ਕਤੀਆਂ ਦੇ ਪ੍ਰਤੱਖਣ ਦਾ ਯਤਨ ਕਰਦੀਆਂ ਹਨ। ਅਰਥਾਤ ਇਹ ਸਭ ਧਾਰਾਵਾਂ ਰਚਨਾਤਮਕ ਸੰਵੇਦਨਾ ਨੂੰ ਜੀਵਨ ਦੇ ਵਾਸਤਵਿਕ ਅਨੁਭਵ ਦੇ ਬਦਲਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਸੰਕਲਪ ਪੇਸ਼ ਕਰਦੀਆਂ ਹਨ।[22]

5. ਯਥਾਰਥ ਦਾ ਵਿਰੂਪਣ ਅਥਵਾ ਕਲਾ ਦੁਆਰਾ ਯਥਾਰਥ ਨੂੰ ਵਿਗਾੜ ਕੇ ਵਿਅਕਤ ਕਰਨ ਦੀ ਰੁਚੀ, ਸਾਹਿਤ ਜਾਂ ਕਵਿਤਾ ਦੀ ਤੁਲਨਾ ਵਿਚ, ਆਧੁਨਿਕ ਚਿਤਰ-ਕਲਾ ਜਾਂ ਮੂਰਤੀ-ਕਲਾ ਆਦਿ ਦਰਸ਼ਨੀ ਕਲਾਵਾਂ ਦੇ ਇਕ ਰਚਨਾਤਮਕ ਤੱਤ ਦੇ ਰੂਪ ਵਿਚ ਵਧੇਰੇ ਉਘੜ ਕੇ ਸਾਹਮਣੇ ਆਈ ਹੈ।'[23] ਵਿਰੂਪਣ ਕਲਾ-ਸਮਗਰੀ ਅਤੇ ਪ੍ਰਕਿਰਤੀ ਨੂੰ ਅਸਲਾ ਨਵੇਂ ਢੰਗ ਨਾਲ ਵਰਤਣ ਵਿਉਂਤਣ ਲਈ ਕਲਾ ਦੀ ਖੇਡ ਨੂੰ ਦਿੱਤੀ ਗਈ ਨਵੀਂ ਟੇਢ ਹੈ। ਇਸ ਦੇ ਫਲ ਸਰੂਪ ਵਿਰੂਪਣ, ਯੁਗ ਦੇ ਵਸਤੂਗਤ ਯਥਾਰਥ ਪ੍ਰਤੀ ਕਲਪਨਾਸ਼ੀਲ ਕਲਾਕਾਰ ਦੀ ਅਨੁਭੂਤੀ ਤੇ ਯਥਾਰਥ ਦੇ ਸਬੰਧ ਨੂੰ ਅਭਿਵਿਅਕਤ ਕਰਨ ਵਾਲੀ ਕਲਾ ਜੁਗਤ ਬਣ ਨਿੱਬੜਦੀ ਹੈ। ਦੂਸਰੇ ਸ਼ਬਦਾਂ ਵਿਚ ਵਿਰੂਪਣ ਦਾ ਤੱਤ ਅੰਤਰ-ਆਪੇ ਅਤੇ ਵਸਤੂ-ਜਗਤ ਦੇ ਅੰਤਰ-ਸਬੰਧ ਦਾ ਉਹ ਪੱਖ ਹੈ ਜੋ ਹੁਣ ਦੇ ਪਲ ਨਾਲ ਜ਼ਰਬ ਖਾ ਕੇ ਅਨੇਕਾਂ ਅਰਥ-ਪਾਸਾਰ ਗ੍ਰਹਿਣ ਕਰ ਜਾਂਦਾ ਹੈ। ਬੇਸ਼ਕ ਇਸ ਤੱਤ ਦੀ ਸਾਧਨਾ ਵਿਚ ਆਧੁਨਿਕ ਕਲਾ ਦੇ ਅਨੇਕਾਂ ਆਸ਼ਿਆਂ ਦੇ ਸੁਮੇਲ ਦਾ ਆਭਾਸ ਹੁੰਦਾ ਹੈ।

ਇਕ-ਪਾਤਰੀ ਕਵਿਤਾਵਾਂ ਜਾਂ ਆਧੁਨਿਕ ਗਲਪ-ਸੰਵੇਦਨਾ ਵਿਚ ਚੇਤਨਾਗਤ ਇਕ- ਬਚਨੀਆਂ ਦੀ ਤਕਨੀਕ ਵਿਰੂਪਣ ਦਾ ਸਾਹਿਤਿਕ ਪਾਸਾਰ ਬਣ ਕੇ ਉਘੜਦੀ ਹੈ। ਆਧੁਨਿਕ ਕਵਿਤਾ ਵਿਚ ਖੰਡਿਤ ਬਿੰਬ ਵਿਰੂਪਣ ਦਾ ਹੀ ਇਕ ਹੋਰ ਰੂਪ ਹੈ। ਆਧੁਨਿਕ ਰੂਪ ਜੀਵਨ ਦੇ ਹਫੜਾ-ਦਫੜੀ, ਰੌਲੇ ਰੱਪੇ ਅਤੇ ਮਸ਼ੀਨੀ ਗਤੀ

ਦੇ ਤਨਾਓ-ਪੂਰਣ ਯਥਾਰਥ ਨੂੰ ਕਵੀ ਦੀ ਸੰਵੇਦਨਾ ਅਕਸਰ ਖੰਡਿਤ ਬਿੰਬ ਅਥਵਾ ਨਿਜੀ ਪ੍ਰਤੀਕਾਂ ਦੇ ਰੂਪ ਵਿਚ ਹੀ ਫੜਨ ਅਤੇ ਪ੍ਰਸਤੁਤ ਕਰਨ ਦਾ ਯਤਨ ਕਰਦੀ ਹੈ। ਨਿਰਸੰਦੇਹ, ਆਧੁਨਿਕ ਜੀਵਨ ਦੀ ਖਿੰਡਾਉ ਪ੍ਰਕਿਰਤੀ ਵਾਲੀ ਵਿਕੇਂਦਰੀ ਸਥਿਤੀ ਵਿਚ ਆਧੁਨਿਕ ਅਨੁਭਵ ਨੂੰ ਅਖੰਡ ਇਕਾਗਰ ਬਿੰਬਾਂ ਜਾਂ ਸਾਰਵਜਨਿਕ ਪ੍ਰਤੀਕਾਂ ਦੁਆਰਾ ਗ੍ਰਹਿਣ ਕਰਨਾ ਮਹਿਲ ਨਹੀਂ। ਭਾਵੇਂ ਇਸ ਦਾ ਇਹ ਅਰਥ ਵੀ ਲੈਣਾ ਯੋਗ ਨਹੀਂ ਕਿ ਖੰਡਿਤ ਬਿੰਬ ਅਥਵਾ ਖੰਡਿਤ ਕਵਿਤਾ ਹੀ ਖੰਡਿਤ ਸਭਿਅਤਾ ਦਾ ਸਹੀ ਚਿਤਰਣ ਕਰ ਸਕਦੀ ਹੈ। ਤਾਂ ਵੀ ਵਿਆਪਕ ਤੌਰ 'ਤੇ ਖਿੰਡਾਉ ਪ੍ਰਭਾਵ ਵਾਲੀ ਖੰਡਿਤ ਸਭਿਅਤਾ ਕਵਿਤਾ ਵਿਚ ਯਥਾਰਥ ਦੇ ਵਿਰੂਪਣ ਅਰਥਾਤ ਇਸ ਨੂੰ ਵਿਗਾੜ ਕੇ ਪੇਸ਼ ਕਰਨ ਦੀ ਪ੍ਰੇਰਕ ਜਰੂਰ ਬਣਦੀ ਹੈ। ਇਸੇ ਕਰ ਕੇ 'ਕਲਾਤਮਕ ਬਿੰਬ ਦਾ ਇਕਸਾਰ, ਸਿਲਸਿਲੇਵਾਰ ਖੰਡਨ ਆਧੁਨਿਕਤਾ ਦੇ ਇਤਿਹਾਸ ਦੀ ਵਿਸ਼ੇਸ਼ਤਾ ਦਾ ਲਖਾਇਕ ਹੈ।[24]

6. ਪਰੰਪਰਾ ਦੇ ਕ੍ਰਾਂਤੀਸ਼ੀਲ ਸੰਕਲਪ ਦਾ ਭਾਵ ਹੈ, ਪਰੰਪਰਾ ਦੇ ਗਤੀਮਾਨ ਅਤੇ ਜੀਵੰਤ ਅੰਸ਼ਾਂ ਨੂੰ ਆਧੁਨਿਕ ਰਚਨਾ-ਬੋਧ ਵਿਚ ਰਚਾਣਾ :

> ਅਸਲ ਪਰੰਪਰਾ ਵਰਤਮਾਨ ਜੀਵਨ ਵਿਚ—ਭਾਵੇਂ ਬਹੁਤ ਸੂਖਮ ਰੂਪ ਵਿਚ ਹੀ ਨਿਰੰਤਰ ਤੌਰ 'ਤੇ ਜੀਵਿਤ ਅਤੀਤ ਦੀ ਰੇਖਾ ਹੈ। ਇਸ ਨੂੰ ਜੇ ਆਲੋਚਨਾਤਮਕ ਦ੍ਰਿਸ਼ਟੀ ਨਾਲ ਗ੍ਰਹਿਣ ਕੀਤਾ ਜਾਵੇ ਤਾਂ ਇਹ ਸਾਨੂੰ ਅਤੀਤਕਾਲੀਨ ਜੀਵਨ ਦੇ ਕਿਸੇ ਪ੍ਰਤਿਰੂਪ ਨਾਲ ਜੋੜ ਸਕਦੀ ਹੈ।[25]

ਇਸੇ ਲਈ ਅਤੀਤ ਬਾਰੇ ਲੋੜੀਂਦੀ ਮਾਤਰਾ ਵਿਚ ਸੁਚੇਤ ਹੋਣ ਦਾ ਅਰਥ ਹੈ ਵਰਤਮਾਨ ਬਾਰੇ ਸਤਰਕ ਹੋਣਾ :

> ਵਿਸ਼ਾਲਤਮ ਅਰਥਾਂ ਵਿਚ ਪਰੰਪਰਾ, ਉਹ ਸਾਰਾ ਕੁਝ ਹੀ ਹੈ ਜੋ ਸਾਨੂੰ ਵਿਰਸੇ ਵਿਚ ਮਿਲਿਆ ਹੈ ਅਤੇ ਸਾਡੇ ਸਮਕਾਲੀ ਜੀਵਨ ਉੱਤੇ ਪ੍ਰਭਾਵ ਪਾਉਣ ਦੇ ਸਮਰਥ ਹੈ। ਇਸ ਲਈ ਆਧੁਨਿਕਤਾ ਦਾ ਸਪਸ਼ਟ ਲੱਛਣ ਹੈ ਹੁਣ ਦੇ ਛਿਣ ਵਿਚ ਅਨੁਭਵ ਦੇ ਇਕ ਅਜਿਹੇ ਸੰਕੁਚਿਤ ਨੁਕਤੇ ਦਾ ਦਰਸ਼ਨ ਕਰਨਾ ਜਿਸ ਵਿਚ ਸਮੁੱਚਾ ਭੂਤਕਾਲ ਤੇ ਸਾਰਾ ਭਵਿੱਖ ' ਅਚੇਤੇ ਕਰਤਾਰੀ ਅਮਲ ਦੇ ਦਾਬੇ ਹੇਠ ਅੰਤਰ-ਸੰਬੰਧਿਤ ਤੇ ਸੰਮਿਲਿਤ ਹੋ ਜਾਣ ।[26]

ਇੰਜ ਆਧੁਨਿਕ ਸੰਵੇਦਨਾ ਦੇ ਸੰਦਰਭ ਵਿਚ ਪਰੰਪਰਾ ਦਾ ਕ੍ਰਾਂਤੀਸ਼ੀਲ ਰੂਪ ਬੀਤਦੇ ਛਿਣ ਦੇ ਪ੍ਰਕਾਸ਼ ਨਾਲ ਮਨੁੱਖੀ ਅਨੁਭਵ ਦੇ ਤ੍ਰੈਕਾਲ ਪਸਾਰੇ ਦੀ ਚੇਤਨਾ ਅਤੇ ਅਨੁਭੂਤੀ ਨੂੰ ਰਚਨਾ ਵਿਚ ਉਤਾਰਨ ਦਾ ਪ੍ਰੇਰਕ ਹੈ। ਬੇਸ਼ਕ ਅਤੀਤ ਦੀਆਂ ਯਾਦਾਂ ਕੇਵਲ ਉਸ ਵਿਸ਼ਲੇਸ਼ਣ ਦੀ ਤੱਥ-ਸਮਗਰੀ ਹੀ ਨਹੀਂ ਜਿਸ ਵਿਚੋਂ ਮਨੁੱਖ ਭਵਿੱਖ ਦੀ ਸਾਧਨਾ ਦੇ ਨਕਸ਼ ਤਰਾਸ਼ਦਾ ਹੈ ਸਗੋਂ ਇਹ ਅਨੁਭਵ ਕੀਤੀਆਂ ਗੱਲਾਂ ਦੀਆਂ ਖ਼ੁਸ਼ੀਆਂ ਗ਼ਮੀਆਂ ਨੂੰ ਵੀ ਵਰਤਮਾਨ ਵਿਚ ਅਸਥਾਪਨ ਕਰਦੀਆਂ ਹਨ।[27]

ਅਤੀਤ ਤੇ ਵਰਤਮਾਨ ਦਾ ਇਹ ਰਿਸ਼ਤਾ ਮਨੁੱਖੀ ਇਤਿਹਾਸ ਅਤੇ ਮਨੁੱਖ ਦੇ ਪ੍ਰਕਿਰਤਕ ਆਲੇ ਦੁਆਲੇ ਨੂੰ ਇਕ ਸਮੁੱਚਤਾ ਦੇ ਰੂਪ ਵਿਚ ਗ੍ਰਹਿਣ ਕਰਨ ਵਾਲੀ ਇਕੋ ਅਖੰਡ ਪ੍ਰਕਿਰਿਆ ਹੈ। ਇਸ ਲਈ ਪ੍ਰਤੱਖ ਤੌਰ 'ਤੇ ਭਾਵੇਂ ਵਰਤਮਾਨ ਅਤੀਤ ਨਾਲੋਂ ਟੁੱਟਿਆ ਹੀ ਪ੍ਰਤੀਤ ਹੋਵੇ ਤਾਂ ਵੀ ਇਸ ਵਿਚ ਕੋਈ ਸੰਦੇਹ ਨਹੀਂ ਕਿ ਵਰਤਮਾਨ ਦੀ ਰਚਨਾਤਮਕ ਪ੍ਰਤਿਭਾ ਅਤੀਤ ਦਾ ਪੁਨਰ-ਸਿਰਜਨ ਹੀ ਕਰਦੀ ਹੈ।

**ਹਵਾਲੇ :**


1. John Wian, "Poetry", **The Twentieth Century Mind**, (ed. C. B. Cox and A. E., Dysan), p. 362.
2. Christopher Caudwell, **Illusion and Reality,** p. 54. FR²
3. ਅਤਰ ਸਿੰਘ, **ਕਾਵਿ ਅਧਿਅਨ**, ਪੰਨਾ 19.
4. **ਉਹੀ**, ਪੰਨਾ 24.
5. **The Indian Heritage**, pp. 96-97.
6. ਅਤਰ ਸਿੰਘ, **ਸਮਦਰਸ਼ਨ**, ਪੰਨਾ 74.
7. **ਉਹੀ**।
8. **The Indian Heritage**, p. 138.
9. Hyman Levy and Helen Spalidng, **Literature for an Age of Science**, p. 237.

10. **The Struggle of the Modern**, p. 78.
11. **ਵੇਖੋ ਉਹੀ।**
14. T, S, Eliot, **Selected Esseys** pp. 14-15.
15. For details see W. H. Auden, **The Poet and the City**", **Modern Poets Modern Poetry** (ed. James Scully), pp. 180-87.
16. See also: The post-Newtoinan classical theory developed by Einstein ihs theories of relativity abolished once and for all any hopes of an absolu world. The acceptance of the relative description as the only safe description entered physics; such was its power in that sphere, that this notion hawidely spread throughout human thought....G. H. A. Cole, "Physics", **The Twentieth Century Mind**, Vol. I, p.310.
17. **ਵੇਖੋ ਉਹੀ।**
18. **ਸਮਦਰਸ਼ਨ**, ਪੰਨਾ 76
19. **The Struggle of the Modern**, pp. 83-84.
20. **Literature for an Age of Science,** p. 141.
21. **ਉਹੀ**, ਪੰਨਾ 146.
22, "The dark forces' released through sexual or through "phallic consciousness", the mystical sexual union, surely suggest in Lawrence a meeting in which the art sensation is transformed into the life sensation-T**he Struggle of the Modern**, pp. 88-89.
23. One has only to call to mind Picasso's women's faces with features pulled about, displaced, re-arranged, of the bulges and holes in Henry Moore's sculpture, and most of all of the paintings of Francis Bacon, who in earlier age might have been described as the Master of Distortions, to realise this for Francis Bacon distortion is an essential development of his art and perhaps of all modern art, and in it several aims coincide'.-**Iibd**. Problems of Modern
24. Sergie Mozhnyagun, "Unadorned Modernism", **Aesthetics** (ed. S. Moz hnyagun), pp. 233-34.
25. See **The Struggle of the Modern**, p. 91.
26. **ਸਮਦਰਸ਼ਨ**, ਪੰਨਾ 77-
27. **Literature for an Age of Science**, P.5.

◈